# GENVASC ਅਧਿਐਨ

## ਅਤੇ ਤੁਹਾਡੀ ਐਨ ਐਚ ਐਸ (NHS) ਹੈਲਥ ਜਾਂਚ

## ਕੀ ਤੁਸੀਂ ਦਿਲ ਦੀ ਬਿਮਾਰੀ ਦਾ ਟਾਕਰਾ ਕਰਨ ਸਬੰਧੀ ਸਾਡੀ ਖੋਜ ਵਿੱਚ ਮਦਦ ਕਰਨੀ ਚਾਹੋਗੇ?

ਜੱਦਕਿ ਤੁਹਾਡੇ ਕੋਲ ਆਪਣੀ ਐਨ ਐਚ ਐਸ (NHS) ਦੀ ਸਿਹਤ ਜਾਂਚ ਉਪਲੱਬਧ ਹੈ ਅਸੀਂ ਤੁਹਾਨੂੰ GENVASC ਅਧਿਐਨ ਵਿੱਚ ਭਾਗ ਲੈਣ ਦਾ ਸੱਦਾ ਦੇਣਾ
ਚਾਹਾਂਗੇ। ਤੁਸੀਂ ਦਿਲ ਦੀ ਬਿਮਾਰੀ ਨੂੰ ਪ੍ਰਾਪਤ ਕਰਨ ਜਾਂ ਖੂਨ ਦੇ ਪ੍ਰਵਾਹ ਦੀਆਂ ਹੋਰ ਸਮੱਸਿਆਵਾਂ ਬਾਰੇ ਪਤਾ ਲਗਾਉਣ ਲਈ ਆਪਣੀ ਐਨ ਐਚ ਐਸ (NHS) ਸਿਹਤ ਜਾਂਚ ਕਰਵਾ ਰਹੇ ਹੋ। ਇਸ ਜਾਂਚ ਦੇ ਵਿੱਚ ਤੁਹਾਡੇ ਖੂਨ ਦਾ ਇੱਕ ਨਮੂਨਾ ਲੈਣਾ ਅਤੇ ਉਨ੍ਹਾਂ ਕਾਰਕਾਂ ਜਿਵੇਂ ਕਿ ਤੁਹਾਡੀ ਉਮਰ, ਲਿੰਗ, ਬਲੱਡ ਪ੍ਰੈਸ਼ਰ, ਕੋਲੇਸਟ੍ਰੋਲ ਪੱਧਰ ਅਤੇ ਕੀ ਤੁਸੀਂ ਸਿਗਰਟਨੋਸ਼ੀ ਕਰਦੇ ਹੋ ਜਾਂ ਕੀ ਤੁਹਾਨੂੰ ਡਾਇਬਿਟੀਜ਼ ਹੈ, ਦੀ ਜਾਂਚ ਕਰਨਾ ਸ਼ਾਮਲ ਹੁੰਦਾ ਹੈ ਜਿਨ੍ਹਾਂ ਬਾਰੇ ਅਸੀਂ ਜਾਣਦੇ ਹਾਂ ਕਿ ਇਹ ਤੁਹਾਨੂੰ ਦਿਲ ਦੀ ਬਿਮਾਰੀ ਹੋਣ ਦੀ ਸੰਭਾਵਨਾ ਨੂੰ ਪ੍ਰਭਾਵਿਤ ਕਰਦੇ ਹਨ।

ਇਹ ਸਾਰੀਆਂ ਚੀਜ਼ਾਂ ਉਨ੍ਹਾਂ ਲੋਕਾਂ ਜੋ ਕਿ ਵਧੇਰੇ ਜੋਖਮ ਤੇ ਹਨ, ਦੀ ਪਛਾਣ ਕਰਨ ਅਤੇ ਸ਼ੁਰੂਆਤ ਵਿੱਚ ਹੀ ਰੋਕਥਾਮ ਸਬੰਧੀ ਉਪਾਵਾਂ ਨੂੰ ਲਾਗੂ ਕਰਨ ਦੇ ਸਮਰੱਥ ਬਣਾ ਕੇ ਸਾਡੀ ਮਦਦ ਕਰਨ ਲਈ ਮਹੱਤਵਪੂਰਨ ਹਨ।
ਵੈਸੇ, ਇਹ ਜਾਂਚਾਂ ਸੰਪੂਰਨ ਨਹੀਂ ਹਨ ਅਤੇ ਕੁਝ ਲੋਕ ਜਿਨ੍ਹਾਂ ਨੂੰ ਮਮੂਲੀ ਜਾਂ ਮੱਧਮ ਜੋਖਮ ਤੇ ਪਾਇਆ ਗਿਆ ਹੈ, ਉਨ੍ਹਾਂ ਨੂੰ ਵੀ ਬਾਅਦ ਵਿੱਚ ਦਿਲ ਸਬੰਧੀ ਸਮੱਸਿਆਵਾਂ ਹੁੰਦੀਆਂ ਹਨ। ਇਹ ਕੰਮ ਕਰਨ ਵਾਲੇ ਹੋਰ ਕਾਰਕਾਂ ਕਰਕੇ ਹੁੰਦਾ ਹੈ, ਉਦਾਹਰਣ ਦੇ ਤੌਰ ਤੇ ਦਿਲ ਸਬੰਧੀ ਸਮੱਸਿਆਵਾਂ ਕੁਝ ਪਰਿਵਾਰਾਂ ਵਿੱਚ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਬਾਰੰਬਾਰਤਾ ਨਾਲ ਹੁੰਦੀਆਂ ਹਨ,
ਇਸ ਕਰਕੇ ਜੀਨਸ ਅਤੇ ਡੀ ਐਨ ਏ (DNA) ਵੀ ਦਿਲ ਦੀ ਬਿਮਾਰੀ ਨੂੰ ਵਿਕਸਤ ਕਰਨ ਦੇ ਜੋਖਮ ਨੂੰ ਵਧਾਉਣ ਵਿੱਚ ਭੂਮਿਕਾ ਨਿਭਾਉਂਦੇ ਹਨ।

## GENVASC ਅਧਿਐਨ ਕਿਸ ਬਾਰੇ ਹੈ?

ਹਾਲੀਆ ਸਮੇਂ ਵਿੱਚ ਉਨ੍ਹਾਂ ਜੀਨਸ ਨੂੰ ਪਛਾਣਨ ਦੇ ਵਿੱਚ ਬਹੁਤ ਸਾਰੀ ਤਰੱਕੀ ਕੀਤੀ ਗਈ ਹੈ ਜੋ ਦਿਲ ਦੀ ਬਿਮਾਰੀ ਦੇ ਜੋਖਮ ਨੂੰ ਪ੍ਰਭਾਵਤ ਕਰਦੇ ਹਨ।
GENVASC ਅਧਿਐਨ (ਜੈਨੇਟਿਕਸ ਐਂਡ ਦਿ ਵਾਸਕੁਲਰ ਹੈਲਥ ਚੈਕ ਪ੍ਰੋਗ੍ਰਾਮ ਦਾ ਸੰਖੇਪ ਰੂਪ) ਵਿੱਚ ਤੁਹਾਡੇ ਵਰਗੇ ਹਜ਼ਾਰਾਂ ਲੋਕ ਸ਼ਾਮਲ ਹਨ ਅਤੇ ਇਸਦਾ ਉਦੇਸ਼ ਇਹ ਜਾਂਚ ਕਰਨਾ ਹੈ ਕਿ ਕੀ ਜਾਂਚ ਕੀਤੇ ਗਏ ਜੋਖਮ ਦੇ ਹੋਰ ਕਾਰਕਾਂ ਦੇ ਨਾਲ ਜਿਨਸੀ ਜਾਣਕਾਰੀ ਨੂੰ ਜੋੜਨ ਨਾਲ
ਇਸ ਗੱਲ ਦਾ ਅਨੁਮਾਨ ਲਗਾਉਣ ਵਿੱਚ ਮਦਦ ਮਿਲ ਸਕਦੀ ਹੈ ਕਿ ਕਿਸਨੂੰ ਦਿਲ ਦੀ ਬਿਮਾਰੀ ਵਿਕਸਤ ਹੋਣ ਦਾ ਜੋਖਮ ਹੈ।

## ਇਸ ਵਿਚ ਕੀ ਸ਼ਾਮਲ ਹੈ?

ਇਸ ਅਧਿਐਨ ਵਿੱਚ ਭਾਗ ਲੈਣਾ ਬਹੁਤ ਅਸਾਨ ਹੈ ਕਿਉਂਕਿ ਇਹ ਤੁਹਾਡੀ ਸਿਹਤ ਜਾਂਚ ਨਾਲ ਜੁੜਿਆ ਹੋਇਆ ਹੈ। ਤੁਸੀਂ ਬੱਸ ਇੱਕ ਸਹਿਮਤੀ ਫਾਰਮ ਤੇ ਹਸਤਾਖਰ ਕਰਨੇ ਹਨ ਜਿਸ ਨਾਲ ਸਾਨੂੰ ਤੁਹਾਡੀ ਡਾਕਟਰੀ ਜਾਣਕਾਰੀ ਨੂੰ ਗੁੱਪਤ ਤਰੀਕੇ ਨਾਲ ਖੋਜ ਵਿੱਚ ਵਰਤਣ ਦੀ ਆਗਿਆ ਮਿਲ ਜਾਵੇਗੀ ਅਤੇ ਸਾਨੂੰ ਖ਼ੂਨ ਦਾ ਇੱਕ ਨਮੂਨਾ ਦੇਣਾ ਹੋਵੇਗਾ। ਜਿਆਦਾਤਰ ਮਾਮਲਿਆਂ ਵਿੱਚ ਖ਼ੂਨ ਦਾ ਨਮੂਨਾ ਤੁਹਾਡੀ ਸਿਹਤ ਦੀ ਜਾਂਚ ਦੇ ਸਮੇਂ ਹੀ ਲੈ ਲਿਆ ਜਾਂਦਾ ਹੈ ਅਤੇ ਇਸ ਤੋਂ ਬਾਅਦ ਕਿਸੇ ਤਰ੍ਹਾਂ ਦੀਆਂ ਫੋਲੋ-ਅਪ ਮੁਲਾਕਾਤਾਂ ਜਾਂ ਇਲਾਜ ਸ਼ਾਮਲ ਨਹੀਂ ਹਨ।

## ਮੇਰੇ ਖ਼ੂਨ ਦੇ ਨਮੂਨੇ ਅਤੇ ਡਾਟਾ ਦਾ ਕੀ ਕੀਤਾ ਜਾਵੇਗਾ?

ਤੁਹਾਡੇ ਖ਼ੂਨ ਦੇ ਨਮੂਨੇ ਅਤੇ ਡਾਟਾ ਨੂੰ ਐਨ ਆਈ ਐਚ ਆਰ (NIHR) ਲੀਸੈਸਟਰ ਕਾਰਡਿਓਵਾਸਕੁਲਰ ਬਾਯੋਮੈਡੀਕਲ ਰਿਸਰਚ ਸੈਂਟਰ ਵਿੱਚ ਅਧਿਐਨ ਵਿੱਚ ਵਰਤੇ ਜਾਣ ਲਈ ਸੁਰੱਖਿਅਤ ਰੂਪ ਵਿੱਚ ਰੱਖਿਆ ਜਾਵੇਗਾ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਇਸ ਅਧਿਐਨ ਵਿੱਚ ਮੇਰੀ ਭਾਗੀਦਾਰੀ ਗੁੱਪਤ ਰਹੇਗੀ?

ਇਸ ਅਧਿਐਨ ਵਿੱਚ ਤੁਹਾਡੀ ਭਾਗੀਦਾਰੀ ਗੁੱਪਤ ਰਹੇਗੀ ਕਿਉਂਕਿ ਤੁਹਾਨੂੰ ਇੱਕ ਵਿਲੱਖਣ ਅਧਿਐਨ ਨੰਬਰ ਜਾਰੀ ਕੀਤਾ ਜਾਵੇਗਾ। ਉਹ ਖੋਜਕਰਤਾ ਜੋ ਤੁਹਾਡੇ ਖ਼ੂਨ ਦਾ ਵਿਸ਼ਲੇਸ਼ਣ ਕਰਦੇ ਹਨ, ਉਨ੍ਹਾਂ ਨੂੰ ਸਿਰਫ ਤੁਹਾਡਾ ਨੰਬਰ ਪਤਾ ਹੋਵੇਗਾ, ਤੁਹਾਡਾ ਨਾਮ ਨਹੀਂ।

## ਇਸ ਬਾਰੇ ਵਧੇਰੀ

ਜਾਣਕਾਰੀ ਲਈ ਕਿ ਇਹ ਮਹੱਤਵਪੂਰਨ ਖੋਜ ਕਿਉਂ ਕੀਤੀ ਜਾ ਰਹੀ ਹੈ, ਕਿਰਪਾ ਕਰਕੇ ਪ੍ਰਦਾਨ ਕੀਤੀ ਗਈ ਵਿਸਤ੍ਰਿਤ ਪ੍ਰਤੀਭਾਗੀ ਸੂਚਨਾ ਸ਼ੀਟ ਨੂੰ ਪੜ੍ਹੋ। ਜੇ ਤੁਸੀਂ ਵਿਸਤ੍ਰਿਤ ਜਾਣਕਾਰੀ ਸ਼ੀਟ ਨੂੰ ਪੜ੍ਹਨ ਦੇ ਬਾਅਦ ਜਾਂ ਬਾਅਦ ਵਿੱਚ ਕਿਸੇ ਵੀ ਸਮੇਂ ਅਧਿਐਨ ਵਿੱਚੋਂ ਹੱਟਣਾ ਚਾਹੁੰਦੇ ਹੋ ਤਾਂ ਤੁਸੀਂ ਤੁਹਾਡੀ ਦੇਖਭਾਲ ਜਾਂ ਕਾਨੂੰਨੀ ਅਧਿਕਾਰਾਂ ਪ੍ਰਤੀ ਕਿਸੇ ਤਰ੍ਹਾਂ ਦੇ ਪੱਖਪਾਤ ਦੇ ਬਿਨਾਂ ਅਜਿਹਾ ਕਰਨ ਲਈ ਸੁਤੰਤਰ ਹੋ।

ਇਸ ਵਿੱਚ ਭਾਗ ਲੈਣਾ ਸਵੈਇੱਛਤ ਹੈ, ਪਰ ਕਿਰਪਾ ਕਰਕੇ ਭਾਗ ਲਵੋ। ਨਤੀਜੇ, ਭਾਗ ਲੈਣ ਦੀ ਇੱਛਾ ਕਰਨ ਵਾਲੇ ਲੋਕਾਂ ਦੇ ਨਮੂਨੇ ਦੇ ਵੱਡੇ ਆਕਾਰ ਉੱਪਰ ਨਿਰਭਰ ਕਰਦੇ ਹਨ ਅਤੇ ਇਹ ਭਵਿੱਖ ਵਿੱਚ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰਨ ਵਿੱਚ ਬਹੁਤ ਮਹੱਤਵਪੂਰਨ ਹੋ ਸਕਦਾ ਹੈ।

NHS
University Hospitals of Leicester
NHS Trust

UNIVERSITY OF LEICESTER

NHS
Leicester City Clinical Commissioning Group
West Leicestershire Clinical Commissioning Group
East Leicestershire and Rutland Clinical Commissioning Group

GENERAL PRACTICE ALLIANCE

DocMed NORTHAMPTONSHIRE

3SIXTY CARE PARTNERSHIP

LAKESIDE HEALTHCARE

ਸੰਸਕਰਣ 3.0 12 ਸਤੰਬਰ 2013